# ਜਮਾਤ: ਦਸਵੀਂ
# ਪੰਜਾਬੀ-ਬੀ
## ਟਰਮ-1 (ਨਵੰਬਰ, 2021)
# 2021-2022

ਸਮਾਂ: 90 ਮਿੰਟ ਲਿਖਤੀ= 30 ਅੰਕ

## ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | ਲੇਖ (ਪਹਿਲੇ ਨੌਂ (9) ਲੇਖ, ਜੀਵਨੀਆਂ ਨੂੰ ਛੱਡ ਕੇ ਬਾਕੀ ਸਾਰੇ), ਪੱਤਰ (ਨਮੂਨੇ ਦੇ 1 ਤੋਂ 7 ਤੱਕ, ਅਭਿਆਸੀ 1 ਤੋਂ 5 ਤੱਕ), ਸੰਖੇਪ ਰਚਨਾ (1 ਤੋਂ 3, ਅਭਿਆਸੀ 1 ਤੋਂ 3 ਤੱਕ), ਅਣਡਿੱਠਾ ਪੈਰਾ (1 ਤੋਂ 2 ਤੱਕ, ਅਭਿਆਸੀ 1 ਤੋਂ 3 ਤੱਕ), ਮੁਹਾਵਰੇ (ੳ ਤੋਂ ਦ ਤੱਕ)। | 16 |
| 2. | ਵਿਆਕਰਨ ਦੀ ਪਰਿਭਾਸ਼ਾ, ਭਾਸ਼ਾ ਅਤੇ ਪੰਜਾਬੀ ਭਾਸ਼ਾ, ਪੰਜਾਬੀ ਦੀਆਂ ਉਪ-ਭਾਸ਼ਾਵਾਂ, ਟਕਸਾਲੀ ਜਾਂ ਮਿਆਰੀ ਭਾਸ਼ਾ, ਧੁਨੀ ਅਤੇ ਪੰਜਾਬੀ ਧੁਨੀਆਂ (ਕੇਵਲ ਵਿਅੰਜਨ ਧੁਨੀਆਂ, ਨਾਸਕੀ ਵਿਅੰਜਨ), ਲਿਪੀ ਅਤੇ ਗੁਰਮੁਖੀ ਲਿਪੀ (ਕੇਵਲ ਵਰਨਮਾਲਾ ਤੇ ਅੱਖਰਾਂ ਦੀਆਂ ਕਿਸਮਾਂ), ਸ਼ਬਦ-ਬੋਧ (ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ, ਵਿਸਮਕ)। | 9 |
| 3. | ਅਰਥ-ਬੋਧ (ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ, ਵਿਰੋਧਾਰਥਕ ਸ਼ਬਦ) | 5 |
| | ਕੁੱਲ ਅੰਕ | 30 |

**ਪੁਸਤਕ: ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ-ਰਚਨਾ**
**ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**

# ਜਮਾਤ: ਦਸਵੀਂ
## ਪੰਜਾਬੀ-ਬੀ
## ਟਰਮ-1 (ਨਵੰਬਰ, 2021)
# 2021-2022
### ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 90 ਮਿੰਟ ਕੁੱਲ ਅੰਕ (ਲਿਖਤੀ)=30

(1) ਪ੍ਰਸ਼ਨ-ਪੱਤਰ ਦੇ ਕੁੱਲ 3 ਭਾਗ (ੳ), (ਅ) ਤੇ (ੲ) ਹੋਣਗੇ, ਜਿੰਨ੍ਹਾਂ ਵਿੱਚ ਕੁੱਲ 30 ਬਹੁ-ਵਿਕਲਪੀ ਪ੍ਰਸ਼ਨ ਹੋਣਗੇ।
(2) ਹਰੇਕ ਪ੍ਰਸ਼ਨ ਦਾ ਸਹੀ ਉੱਤਰ ਇੱਕ ਅੰਕ ਦਾ ਹੋਵੇਗਾ।
(3) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।
(4) ਕਿਸੇ ਵੀ ਗ਼ਲਤ ਉੱਤਰ ਦੇ ਅੰਕ ਨਹੀਂ ਕੱਟੇ ਜਾਣਗੇ।

## ਵਿਸ਼ੇਸ਼ ਹਦਾਇਤਾਂ

ਪਰੀਖਿਆ ਪੱਖੋਂ ਅਧਿਆਪਕਾਂ,ਵਿਦਿਆਰਥੀਆਂ,ਪੇਪਰ-ਸੈਂਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:

**ਭਾਗ (ੳ): ਸਿਰਜਣਾਤਮਕ ਭਾਗ** **ਕੁੱਲ ਅੰਕ=16**

ਇਸ ਭਾਗ ਵਿੱਚ ਕੁੱਲ **ਸੋਲਾਂ ਬਹੁ-ਵਿਕਲਪੀ ਪ੍ਰਸ਼ਨ (ਪ੍ਰਸ਼ਨ ਨੰ. 1 ਤੋਂ 16 ਤੱਕ)** ਹੋਣਗੇ। ਇਸ ਵਿੱਚ ਪਾਠ-ਪੁਸਤਕ ਦੇ ਪਾਠ-ਕ੍ਰਮ ਦੇ ਲੜੀ ਨੰ. 1 ਵਿੱਚ ਸ਼ਾਮਲ ਪਾਠਾਂ ਵਿੱਚੋਂ ਇੱਕ ਲੇਖ ਦਾ ਪੈਰਾ ਦੇ ਕੇ ਉਸ ਵਿੱਚੋਂ **ਚਾਰ ਬਹੁ-ਵਿਕਲਪੀ ਪ੍ਰਸ਼ਨ (ਪ੍ਰਸ਼ਨ ਨੰ. 1 ਤੋਂ 4 ਤੱਕ)** ਪੁੱਛੇ ਜਾਣਗੇ। ਇਸੇ ਭਾਗ ਦਾ ਇੱਕ ਅਣਡਿਠਾ ਪੈਰਾ ਦੇ ਕੇ ਉਸ ਵਿੱਚੋਂ **ਤਿੰਨ ਬਹੁ-ਵਿਕਲਪੀ ਪ੍ਰਸ਼ਨ (ਪ੍ਰਸ਼ਨ ਨੰ.5 ਤੋਂ 7 ਤੱਕ)** ਪੁੱਛੇ ਜਾਣਗੇ। ਬਾਕੀ ਦੇ **ਪ੍ਰਸ਼ਨ ਨੰ. 8 ਤੋਂ 16 ਤੱਕ** ਦੇ ਬਹੁ-ਵਿਕਲਪੀ ਪ੍ਰਸ਼ਨ ਇਸੇ ਭਾਗ ਵਿੱਚ ਸ਼ਾਮਲ ਪੱਤਰਾਂ/ਅਰਜੀ ਦੀ ਬਣਤਰ/ਲਿਖਣ ਢੰਗ, ਸੰਖੇਪ ਰਚਨਾ ਤੇ ਇਸ ਦਾ ਸਿਰਲੇਖ, ਮੁਹਾਵਰਿਆਂ ਦੀ ਵਰਤੋਂ ਤੇ ਅਰਥ ਸਪੱਸ਼ਟਤਾ, ਨਾਲ ਸੰਬੰਧਿਤ ਹੋਣਗੇ ਅਤੇ ਅੰਕ-ਵੰਡ ਦੀ ਲਗਪਗ ਬਰਾਬਰ ਅਨੁਪਾਤ ਵਿੱਚ ਪੁੱਛੇ ਜਾਣਗੇ।

**ਭਾਗ (ਅ): ਪੰਜਾਬੀ ਵਿਆਕਰਨ** **ਕੁੱਲ ਅੰਕ=9**

ਇਸ ਭਾਗ ਵਿੱਚ ਕੁੱਲ **ਨੌਂ (ਪ੍ਰਸ਼ਨ ਨੰ. 17 ਤੋਂ 25 ਤੱਕ)** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।ਇਸ ਵਿੱਚ ਵਿਆਕਰਨ ਦੀ ਪਰਿਭਾਸ਼ਾ, ਭਾਸ਼ਾ ਅਤੇ ਪੰਜਾਬੀ ਭਾਸ਼ਾ, ਪੰਜਾਬੀ ਦੀਆਂ ਉਪ-ਭਾਸ਼ਾਵਾਂ, ਟਕਸਾਲੀ ਜਾਂ ਮਿਆਰੀ ਭਾਸ਼ਾ, ਧੁਨੀ ਅਤੇ ਪੰਜਾਬੀ ਧੁਨੀਆਂ (ਕੇਵਲ ਵਿਅੰਜਨ ਧੁਨੀਆਂ, ਨਾਸਕੀ ਵਿਅੰਜਨ), ਲਿਪੀ ਅਤੇ ਗੁਰਮੁਖੀ ਲਿਪੀ (ਕੇਵਲ ਵਰਨਮਾਲਾ ਤੇ ਅੱਖਰਾਂ ਦੀਆਂ ਕਿਸਮਾਂ), ਸ਼ਬਦ-ਬੋਧ (ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ, ਵਿਸਮਕ) ਨਾਲ ਸੰਬੰਧਿਤ ਬਹੁ-ਵਿਕਲਪੀ ਪ੍ਰਸ਼ਨ ਲਗਪਗ ਬਰਾਬਰ ਅੰਕ-ਵੰਡ ਦੀ ਅਨੁਪਾਤ ਅਨੁਸਾਰ ਪੁੱਛੇ ਜਾਣ।

**ਭਾਗ (ੲ): ਪੰਜਾਬੀ ਸ਼ਬਦ-ਭੇਦ ਤੇ ਅਰਥ-ਬੋਧ** **ਕੁੱਲ ਅੰਕ=5**

ਇਸ ਭਾਗ ਵਿੱਚ ਕੁੱਲ **ਪੰਜ (ਪ੍ਰਸ਼ਨ ਨੰ. 26 ਤੋਂ 30 ਤੱਕ)** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ, ਜੋ ਪੁਸਤਕ ਦੇ ਅਰਥ-ਬੋਧ (ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ, ਵਿਰੋਧਾਰਥਕ ਸ਼ਬਦ) ਨਾਲ ਸੰਬੰਧਿਤ ਲਗਪਗ ਬਰਾਬਰ ਅਨੁਪਾਤ-ਵੰਡ ਵਿੱਚ ਹੋਣਗੇ।

**ਪੁਸਤਕ: ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ-ਰਚਨਾ**

**ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**